ਬੱਚਿਆਂ ਲਈ ਬਾਈਬਲ

ਉਪੱਸਥਿਤ



# ਦਾਊਦ ਬਾਦਸ਼ਾਹ (ਹਿੱਸਾ 2)

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus; Alastair Paterson

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2021 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਦਾਊਦ ਦੱਖਣੀ ਇਸਰਾਏਲ ਵਿੱਚ
ਯਹੂਦਾ ਦਾ ਬਾਦਸ਼ਾਹ ਸੀ। ਪਰ
ਬਾਕੀ ਇਸਰਾਏਲ ਦਾ ਹਿੱਸਾ
ਸ਼ਾਊਲ ਦੇ ਪੁੱਤਰ ਇਸ਼ਬੋਸ਼ੇਤ
ਨੇ ਬਾਦਸ਼ਾਹ ਬਣ ਕੇ ਲੈ
ਲਿਆ।ਘਰੇਲੂ ਲੜਾਈ
ਸੱਤ ਸਾਲਾਂ ਤੱਕ
ਚੱਲੀ। ਪਰ
ਦਾਊਦ
ਮਜ਼ਬੂਤ
ਅਤੇ ਮਜ਼ਬੂਤ
ਹੁੰਦਾ ਗਿਆ।



ਆਖਰ ਕਾਰ ਬਾਦਸ਼ਾਹ ਇਸ਼ਬੋਸ਼ੇਤ ਆਪਣੇ ਹੀ
ਦੋ ਸਿਪਾਹੀਆਂ ਦੁਆਰਾ ਮਾਰਿਆ ਗਿਆ।



ਤਦ ਇਸਰਾਏਲ ਦੀਆਂ ਸਾਰੀਆਂ ਜਾਤੀਆਂ ਦਾਊਦ ਦੇ ਕੋਲ ਆਈਆਂ ਅਤੇ ਉਸਦਾ ਇਸਰਾਏਲ ਉੱਤੇ ਬਾਦਸ਼ਾਹ ਹੋਣ ਲਈ ਅਭਿਸ਼ੇਕ ਕੀਤਾ। ਆਖਰ ਕਾਰ ਦਾਊਦ ਸਾਰੀਆਂ ਜਾਤੀਆਂ ਉੱਪਰ ਬਾਦਸ਼ਾਹ ਸੀ।



ਪਹਿਲਾ ਕੰਮ ਦਾਊਦ ਬਾਦਸ਼ਾਹ ਨੇ ਯਰੂਸ਼ਲਮ ਉੱਤੇ ਕਬਜਾ ਕੀਤਾ। ਉਹ ਦਾਊਦ ਦੇ ਸ਼ਹਿਰ ਦੇ ਨਾ ਵਜੋਂ ਜਾਣਿਆ ਗਿਆ। ਉਸਨੇ ਦੁਸ਼ਮਣਾ ਦੇ ਵਿਰੁੱਧ ਉਸਨੂੰ ਦੁਬਾਰਾ ਮਜਬੂਤੀ ਨਾਲ ਤੈਆਰ ਕੀਤਾ। ਦਾਊਦ ਦੀ ਸੈਨਾ ਯਰੂਸ਼ਲਮ ਤੋਂ ਹੀ ਫ਼ਲਿਸਤੀਆਂ ਅਤੇ ਇਸਰਾਏਲ ਦੇ ਬਾਕੀ ਦੁਸ਼ਮਣਾ ਨੂੰ ਜਿੱਤਣ ਲਈ ਗਈ।





ਅੱਗੇ, ਬਾਦਸ਼ਾਹ ਦਾਊਦ ਪਰਮੇਸ਼ਵਰ ਦੇ ਸੰਦੂਕ ਨੂੰ ਯਰੂਸ਼ਲਮ ਲੈ ਆਇਆ। ਪਰਮੇਸ਼ਵਰ ਦੇ ਸੰਦੂਕ ਵਿੱਚ ਦਸ ਆਗਿਆਵਾਂ ਦੀਆਂ ਤਖਤੀਆਂ ਅਤੇ ਪਰਮੇਸ਼ਵਰ ਦੁਆਰਾ ਮੂਸਾ ਨੂੰ ਦਿੱਤੀ ਗਈ ਵਿਵਸਥਾ ਸੀ। ਵਾਚਾ ਦੇ ਸੰਦੂਕ ਨੇ ਇਸਰਾਏਲੀਆਂ ਨੂੰ ਪਰਮੇਸ਼ਵਰ ਦੀ ਪਵਿੱਤਰਤਾ ਅਤੇ ਪਰਮੇਸ਼ਵਰ ਦੀ ਆਗਿਆ ਮੰਨਣਾ ਜਰੂਰਤ ਹੈ ਯਾਦ ਕਰਵਾਇਆ।



ਦਾਊਦ ਨੇ ਆਪਣੇ ਰਾਜ ਦੇ ਪਹਿਲੇ ਸਾਲਾਂ ਵਿੱਚ ਬਹੁਤ ਲੜਾਈਆਂ ਲੜੀਆਂ। ਉਹ ਇੱਕ ਬੁੱਧੀਮਾਨ ਸਿਪਾਹੀ ਅਤੇ ਇੱਕ ਦੀਨ ਮਨੁੱਖ ਜਿਸ ਨੇ ਪਰਮੇਸ਼ਵਰ ਦੀ ਅਗਵਾਈ ਲਈ ਪ੍ਰਾਥਨਾ ਕੀਤੀ।



ਦਾਊਦ ਨੂੰ ਹੈਰਾਨੀ ਹੋਈ ਕੀ ਉਹ ਦੇ ਕੋਲ ਰਹਿਣ ਲਈ ਚੰਗਾ ਘਰ ਹੈ ਜਦਕਿ ਪਰਮੇਸ਼ਵਰ ਦਾ ਸੰਦੂਕ ਟੈਂਟ ਵਿੱਚ ਪਿਆ ਹੈ। ਦਾਊਦ ਨੇ ਹੈਕਲ ਬਣਾਉਣ ਦਾ ਫ਼ੈਸਲਾ ਕੀਤਾ। ਨਾਥਾਨ, ਪਰਮੇਸ਼ਵਰ ਦੇ ਨਬੀ ਨੇ ਉਸ ਨੂੰ ਅੱਗੇ ਵਧਣ ਲਈ ਕਿਹਾ।



ਉਸ ਰਾਤ,
ਪਰਮੇਸ਼ਵਰ ਨੇ
ਦਾਊਦ ਨੂੰ ਸੰਦੇਸ਼
ਘੱਲਿਆ: “ਮੇਰੇ ਦਾਸ ਦਾਊਦ,
ਪਰਮੇਸ਼ਵਰ ਤੇਰੇ ਲਈ ਇੱਕ ਘਰ ਬਣਾਵੇਗਾ। ਜਦ ਤੇਰੇ ਦਿਨ ਪੂਰੇ ਹੋ ਜਾਣਗੇ ਅਤੇ ਤੂੰ ਆਪਣੇ ਪਿਤਾ ਦੇ ਨਾਲ ਆਰਾਮ ਕਰੇਗਾਂ, ਮੈਂ ਤੇਰੇ ਬਾਅਦ ਤੇਰੇ ਪੁੱਤਰ ਨੂੰ ਬਾਦਸ਼ਾਹ ਬਣਾਵਾਂਗਾ। ਉਹ ਮੇਰੇ ਨਾ ਤੇ ਘਰ ਬਣਾਵੇਗਾ ਅਤੇ ਮੈਂ ਉਸਦੀ ਪਾਤਸ਼ਾਹੀ ਹਮੇਸ਼ਾਂ ਲਈ ਸਥਿਰ ਕਰਾਂਗਾ।”

ਦਾਊਦ ਸ਼ਾਊਲ ਦੇ ਪਰਿਵਾਰ ਦੇ ਬਚੇ ਹੋਏ ਕਿਸੇ ਵੀ ਮੈਂਬਰ ਦੀ ਸਹਾਇਤਾ ਕਰਨੀ ਚਾਹੁੰਦਾ ਸੀ। ਉਸ ਨੂੰ ਸਿਰਫ਼ ਜੋਨਾਥਨ ਦਾ ਬੇਟਾ ਮਪੀਬੋਸ਼ੇਤ ਮਿਲਿਆ, ਜਿਹੜਾ ਅਪਾਹਜ ਸੀ। “ਉਹ ਮੇਰੇ ਟੇਬਲ ਉੱਤੇ ਖਾਵੇਗਾ ਜਿਵੇ ਬਾਦਸ਼ਾਹ ਦੇ ਪੁੱਤਰਾਂ ਵਿੱਚੋਂ ਇੱਕ ਹੋਵੇ,” ਦਾਊਦ ਨੇ ਕਿਹਾ।

ਦਾਊਦ ਨੇ ਮਪੀਬੋਸ਼ੇਤ ਤੇ ਦਯਾ ਵਿਖਾਈ ਕਿਉਂਕਿ ਜੋਨਾਥਨ ਉਸਦਾ ਉੱਤਮ ਦੋਸਤ ਸੀ।





ਜਦ ਤੱਕ ਦਾਊਦ ਨੇ ਪਰਮੇਸ਼ਵਰ ਤੇ ਭਰੋਸਾ ਰੱਖਿਆ ਅਤੇ ਆਗਿਆ ਦਾ ਪਾਲਣ ਕੀਤਾ, ਪਰਮੇਸ਼ਵਰ ਨੇ ਦਾਊਦ ਦੀ ਵਧਣ ਫੁੱਲਣ ਵਿੱਚ ਸਹਾਇਤਾ ਕੀਤੀ। ਪਰ ਇੱਕ ਦਿਨ, ਇੱਕ ਭਿਆਨਕ ਪਰਸ਼ਾਵਾਂ ਦਾਊਦ ਦੀ ਜਿੰਦਗੀ ਉੱਤੇ ਡਿੱਗਿਆ। ਉਸ ਨੇ ਆਪਣੀ ਸੈਨਾ ਬਾਹਰ ਲੜਾਈ ਲਈ ਘੱਲੀ, ਜਦਕਿ ਉਹ ਯਰੂਸ਼ਲਮ ਵਿੱਚ ਰੁਕ ਗਿਆ।



ਇੱਕ ਰਾਤ, ਉਹ ਸੌਂ ਨਹੀ ਪਾਇਆ। ਤਾਂ ਉਹ ਆਪਣੀ ਛੱਤ ਤੇ ਘੁੰਮਇਆ ਅਤੇ ਬਾਹਰ ਸ਼ਹਿਰ ਨੂੰ ਵੇਖਿਆ।

ਦਾਊਦ ਨੇ ਇੱਕ ਸੁੰਦਰ ਔਰਤ ਨੂੰ ਨਹਾਉਂਦੇ ਵੇਖਿਆ। ਉਸ ਦਾ ਨਾ ਬੇਤਸ਼ਿਬਾ ਸੀ। ਦਾਊਦ ਨੇ ਬੇਤਸ਼ਿਬਾ ਨਾਲ ਪਾਪ ਕੀਤਾ ਭਾਂਵੇ ਉਸਦਾ ਪਤੀ, ਊਰੀਯਾਹ, ਦਾਊਦ ਦੇ ਬਹਾਦਰ ਸੈਨਿਕਾਂ ਵਿੱਚੋਂ ਇੱਕ ਸੀ। ਜਦ ਬਾਅਦ ਵਿੱਚ ਬੇਤਸ਼ਿਬਾ ਨੇ ਦਾਊਦ ਨੂੰ ਦੱਸਿਆ ਕੀ ਉਹ ਉਸਦੇ ਬੱਚੇ ਦੀ ਮਾਂ ਬਨਣ ਵਾਲੀ ਹੈ, ਦਾਊਦ ਜਾਣ ਗਿਆ ਕੀ ਉਸਦਾ ਪਾਪ ਜਿਆਦਾ ਮੁਸ਼ਕਲਾਂ ਕਰ ਰਿਹਾ ਸੀ।







ਪਰਮੇਸ਼ਵਰ ਦੇ ਅੱਗੇ ਮਾਫ਼ੀ
ਮੰਗਣ ਦੀ ਜੁਗਾ ਦਾਊਦ ਨੇ ਆਪਣੇ ਪਾਪ ਨੂੰ ਢਕਣ ਦੀ ਕੋਸ਼ੀਸ਼ ਕੀਤੀ।ਉਹ ਦਾ ਤਰੀਕਾ ਕੰਮ ਨਾਂ ਆਇਆ! ਉਸ ਨੇ ਲੜਾਈ ਦੇ ਮੈਦਾਨ ਵਿੱਚੋਂ ਉਰੀਯਾਹ ਨੂੰ ਇਸ ਆਸ਼ਾ ਨਾਲ ਘਰ ਬੁਲਾਇਆ, ਕੀ ਉਰੀਯਾਹ ਸੋਚੇਗਾ ਕੇ ਆਉਣ ਵਾਲਾ ਬੱਚਾ ਉਸਦਾ ਹੈ। ਪਰ ਉਰੀਯਾਹ ਘਰ ਵਿੱਚ ਨਾ ਰਿਹਾ ਜਦਕਿ ਉਸਦੇ ਸਾਥੀ ਸਿਪਾਹੀ ਲੜਾਈ ਵਿੱਚ ਸਨ। ਉਰੀਯਾਹ ਬਾਦਸ਼ਾਹ ਦੇ ਘਰ ਦੇ ਦਰਵਾਜੇ ਤੇ ਸੌਂ ਗਿਆ।

ਤਾਂ ਦਾਊਦ ਨੇ ਹੋਰ ਵੀ
ਦੁਸ਼ਟਤਾ ਪੂਰਨ ਕੰਮ ਕੀਤਾ।
ਉਸ ਨੇ ਊਰੀਯਾਹ ਨੂੰ
ਲੜਾਈ ਦੇ ਮੈਦਾਨ ਵਿੱਚ
ਇੱਕ ਚਿੱਠੀ ਦੇ ਨਾਲ
ਘੱਲਿਆ। ਚਿੱਠੀ ਵਿੱਚ
ਜ਼ਰਨਲ ਨੂੰ ਕਿਹਾ ਕੀ
ਉਰੀਯਾਹ ਲ਼ੜਾਂਈ ਵਿੱਚ
ਜਰੂਰ ਮਾਰਿਆ ਜਾਵੇ।





ਪਰਮੇਸ਼ਵਰ ਨੇ ਆਪਣੇ
ਦਾਸ ਨਾਥਾਨ ਨੂੰ ਦਾਊਦ
ਦਾ ਆਪਣਾ ਪਾਪ ਵਖਾਉਣ
ਲਈ ਭੇਜਿਆ। ਨਾਥਾਨ ਨੇ
ਦਾਊਦ ਨੂੰ ਅਮੀਰ ਆਦਮੀ
ਅਤੇ ਇੱਕ ਗਰੀਬ ਆਦਮੀ
ਦੀ ਕਹਾਣੀ ਦੇ ਬਾਰੇ
ਦੱਸਿਆ। ਅਮੀਰ ਆਦਮੀ
ਕੋਲ ਬਹੁਤ ਸਾਰੀਆਂ ਭੇਡਾਂ
ਸਨ। ਪਰ ਗਰੀਬ ਮਨੁੱਖ
ਦੇ ਕੋਲ ਸਿਰਫ਼ ਇੱਕ ਛੋਟਾ
ਲੇਲਾ, ਜੋ ਉਸਦੇ ਲਈ ਇੱਕ
ਬੇਟੀ ਦੇ ਵਾਗੂੰ ਖ਼ਜਾਨਾ ਸੀ।

ਜਦ ਇੱਕ ਮੁਸਾਫ਼ਿਰ ਅਮੀਰ ਆਦਮੀ ਦੇ ਘਰ ਆਇਆ, ਅਮੀਰ ਆਦਮੀ ਨੇ ਉਸਨੂੰ ਖਵਾਉਣ ਲਈ ਆਪਣੀਆਂ ਭੇਡਾਂ ਵਿੱਚੋਂ ਕਿਸੇ ਨੂੰ ਨਾ ਮਾਰਿਆ। ਉਸ ਦੀ ਜੁਗਾ ਉਸ ਨੇ ਗਰੀਬ ਆਦਮੀ ਦਾ ਲੇਲਾ ਲਿਆ ਅਤੇ ਉਸ ਨੂੰ ਮਾਰਿਆ।





ਦਾਊਦ ਅਮੀਰ ਆਦਮੀ ਦੇ ਸਵਾਰਥ ਤੇ ਗੁੱਸਾ ਸੀ। ਉਹ ਚਿਲਾਇਆ, “ਉਹ ਆਦਮੀ ਜਿਸ ਨੇ ਇਹ ਕੀਤਾ ਹੈ ਉਹ ਜ਼ਰੂਰ ਮਰੇਗਾ।”

“ਤੂੰ ਹੀ ਉਹ ਮਨੁੱਖ ਹੈਂ!” ਬਹਾਦਰ ਨਾਥਾਨ ਨੇ ਦਾਊਦ ਨੂੰ ਕਿਹਾ। ਜੋ ਦਾਊਦ ਨੇ ਕੀਤਾ ਉਹ ਉਸ ਨਾਲੋਂ ਜੋ ਅਮੀਰ ਆਦਮੀ ਨੇ ਕਹਾਣੀ ਵਿੱਚ ਕੀਤਾ ਜਿਆਦਾ ਬਤਦਰ ਸੀ।





ਪਰਮੇਸ਼ਵਰ ਨੇ ਦਾਊਦ ਨੂੰ ਵਿਖਾਇਆ ਕੀ ਉਹ ਕਿੰਨਾ ਦੁਰਾਚਾਰ ਸੀ। ਅਤੇ ਦਾਊਦ ਆਪਣੇ ਪਾਪ ਲਈ ਸ਼ਰਮਿੰਦਾ ਸੀ। ਉਸ ਨੇ ਪਰਮੇਸ਼ਵਰ ਨੂੰ ਕਿਹਾ: “ਮੈਂ ਤੇਰੇ ਵਿਰੁੱਧ ਪਾਪ ਕੀਤਾ ਹੈ ਅਤੇ ਇਹ ਬੁਰਾਈ ਕੀਤੀ ਹੈ।” ਅਤੇ ਪਰਮੇਸ਼ਵਰ ਨੇ ਦਾਊਦ ਦੇ ਪਾਪ ਨੂੰ ਮਾਫ਼ ਕੀਤਾ। ਪਰ ਬੇਤਸ਼ਿਬਾ ਦਾ ਬੱਚਾ ਬਹੁਤ ਬੀਮਾਰ ਸੀ ਅਤੇ ਜਨਮ ਦੇ ਬਾਅਦ ਜਲਦ ਹੀ ਮਰ ਗਿਆ।



ਪਰਮੇਸ਼ਵਰ ਨੇ ਦਾਊਦ ਨੂੰ ਉਸਦੇ ਭਿਆਨਕ ਪਾਪ ਲਈ ਮਾਫ਼ ਕਰ ਦਿੱਤਾ।ਤਦ ਬੇਤਸ਼ਿਬਾ ਨੂੰ ਹੋਰ ਪੁੱਤਰ ਸੁਲੇਮਾਨ ਹੋਇਆ ਜਿਹੜਾ ਦਾਊਦ ਦੇ ਬਾਅਦ ਮਹਾਨ ਬਾਦਸ਼ਾਹ ਬਣਿਆ। ਪਰ ਦਾਊਦ ਬਾਦਸ਼ਾਹ ਦੇ ਹੋਰ ਬਹੁਤ ਪੁੱਤਰ ਸਨ, ਜਿਹਨਾਂ ਵਿੱਚੋਂ ਕਈ ਉਸਤੇ ਮਹਾਨ ਦੁੱਖ ਲਿਆਏ।

# ਦਾਊਦ ਬਾਦਸ਼ਾਹ (ਹਿੱਸਾ 2)

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

2 ਸੈਮੂਏਲ 1-12

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜੀਲ 3:16